**ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ,**
**ਵਣ ਭਵਨ, ਸੈਕਟਰ-68,ਮੋਹਾਲੀ।**

**ਜਨਤਕ ਸੂਚਨਾ**

ਦਫਤਰ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਇਸ਼ਤਿਹਾਰ ਨੰਬਰ 08 ਆਫ 2021 ਰਾਹੀਂ **ਵਾਰਡਰ(ਜੇਲ੍ਹ) ਦੀਆਂ ਕੁੱਲ 815 ਅਤੇ ਮੈਟਰਨ(ਜੇਲ੍ਹ) ਦੀਆਂ ਕੁੱਲ 32** ਅਸਾਮੀਆਂ ਪ੍ਰਕਾਸ਼ਿਤ ਕੀਤੀਆਂ ਸਨ। ਇਸ ਭਰਤੀ ਪ੍ਰਕਿਰਿਆ ਸਬੰਧੀ ਉਮੀਦਵਾਰਾ ਦੀ ਲਿਖਤੀ ਪ੍ਰੀਖਿਆ ਆਯੋਜਿਤ ਕਰਨ ਉਪਰੰਤ ਸਰੀਰਿਕ ਮਾਪ ਟੈਸਟ ਅਤੇ ਸਰੀਰਿਕ ਯੋਗਤਾ ਟੈਸਟ ਵਿੱਚ ਸਫਲ ਉਮੀਦਵਾਰਾ ਦੀ ਕਾਉਸਲਿੰਗ ਮਿਤੀ 16 ਮਈ 2022 ਅਤੇ ਮਿਤੀ 17 ਮਈ 2022 ਨੂੰ ਆਯੋਜਿਤ ਕੀਤੀ ਗਈ ਸੀ।

2. ਉਪਰੋਕਤ ਕਾਂਉਸਲਿੰਗ ਪ੍ਰਕਿਰਿਆ ਵਿੱਚ ਗੈਰ-ਹਾਜਰ ਉਮੀਦਵਾਰਾ ਨੂੰ ਅੰਤਿਮ ਮੌਕਾ ਦਿੰਦੇ ਹੋਏ ਮਿਤੀ 24 ਮਈ 2022 ਦਿਨ ਮੰਗਲਵਾਰ ਨੂੰ ਦਫਤਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਣ ਭਵਨ, ਸੈਕਟਰ-68, ਮੋਹਾਲੀ ਵਿਖੇ ਕਾਉਂਸਲਿੰਗ ਲਈ ਸੱਦਾ ਦਿੱਤਾ ਗਿਆ ਹੈ।

3. ਸਾਬਕਾ ਫੌਜੀ (ਆਸ਼ਰਤ) ਸ਼੍ਰੇਣੀ ਦੇ ਉਮੀਦਵਾਰਾ ਨੂੰ ਇਸ ਕਾਂਉਸਲਿੰਗ ਪ੍ਰੋਸੈਸ ਲਈ ਹੇਠ ਦਰਜ ਕੱਟ-ਆਫ ਮੈਰਿਟ ਮੁਤਾਬਿਕ **ਮਿਤੀ 24 ਮਈ 2022 ਦਿਨ ਮੰਗਲਵਾਰ ਨੂੰ ਸਵੇਰੇ 10:00 ਵਜੇ ਦਫਤਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਵਣ ਭਵਨ, ਸੈਕਟਰ-68, ਮੋਹਾਲੀ** ਵਿਖੇ ਸੱਦਾ ਦਿੱਤਾ ਜਾਂਦਾ ਹੈ:-

| ਲੜੀ ਨੰਬਰ | ਕੈਟਾਗਰੀ | ਕੱਟ-ਆਫ ਮੈਰਿਟ |
|---|---|---|
| 1. | ਸਾਬਕਾ ਫੌਜੀ ਜਨਰਲ (ਆਸ਼ਰਤ) | 532.92013 ਜਾਂ ਇਸ ਤੋਂ ਵੱਧ |
| 2. | ਸਾਬਕਾ ਫੌਜੀ ਬੀ.ਸੀ. (ਆਸ਼ਰਤ) | 696.89971 ਜਾਂ ਇਸ ਤੋਂ ਵੱਧ |

4. ਕਾਂਉਸਲਿੰਗ ਪ੍ਰਕਿਰਿਆ ਦੀਆਂ ਹਦਾਇਤਾਂ ਪਹਿਲਾਂ ਹੀਂ ਬੋਰਡ ਦੀ ਵੈਬਸਾਈਟ ਤੇ ਜਨਤਕ ਸੂਚਨਾ ਮਿਤੀ 09/05/2022 ਅਧੀਨ ਉਪਲਬੱਧ ਹਨ।

5. ਇਸ ਉਪਰੰਤ ਉਮੀਦਵਾਰਾ ਨੂੰ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ।

ਸਹੀ/-
ਚੇਅਰਮੈਨ
ਅਧੀਨ ਸੇਵਾਵਾ ਚੋਣ ਬੋਰਡ, ਪੰਜਾਬ।

ਮਿਤੀ:23/05/2022
ਸਥਾਨ:ਮੋਹਾਲੀ।